# ਅਰਦਾਸ ਕਰਾਂ ਮਹਾਂਰਾਣੀ

ਅਰਦਾਸ ਕਰਾਂ ਮਹਾਂਰਾਣੀ

================

ਤੇਰੇ, ਚਰਨਾਂ ਵਿੱਚ, ਅਰਦਾਸ ਮੇਰੀ, ਏ ਮਹਾਂਰਾਣੀ,
ਤੇਰੀ, ਮੇਹਰ ਤੇਰੇ, ਬੱਚਿਆਂ ਤੇ, ਹਰਪਲ ਹੋਵੇ ਮਾਂ ॥

ਖੈਰਾਂ, ਵੰਡਣ ਵਾਲੀ, ਕਿਸੇ ਨੂੰ ਖ਼ਾਲੀ, ਮੋੜੀ ਨਾ*,
'ਜੇਹੜਾ, ਝੋਲੀ ਅੱਡ ਕੇ, ਦਰ ਤੇ, ਆਣ ਖ਼ਲੋਵੇ ਮਾਂ ॥॥'

ਸੱਚੀ, ਮੇਹਨਤ ਦਾ ਮੁੱਲ, ਸਾਡੇ, ਹਿੱਸੇ ਆਵੇ ਮਾਂ,
ਸਿਹਤਾਂ, ਚੰਗੀਆਂ ਰਹਿਣ, ਨਾ ਕੋਈ, ਰੋਗ ਸਤਾਵੇ ਮਾਂ ॥

ਹੱਸਦਾ, ਵੱਸਦਾ ਰਹੇ, ਪਰਿਵਾਰ ਮਾਂ ਤੇਰੇ ਪਿਆਰਿਆਂ ਦਾ*,
'ਹਰ ਕੋਈ, ਤੈਨੂੰ ਮੰਨੇ, ਤੇਰਾ, ਸ਼ੁਕਰ ਮਨਾਵੇ ਮਾਂ ॥॥'

ਤੇਰੇ, ਨਾਮ ਦੀ ਮਾਲਾ, ਬੱਚਾ ਬੱਚਾ, ਫ਼ੇਰੇ ਮਾਂ,
ਤੈਨੂੰ, ਸ਼ੀਸ਼ ਝੁਕਾਵੇ, ਬਸ ਗੁਣ ਗਾਵੇ, ਤੇਰੇ ਮਾਂ ॥

ਸਭ ਦੇ, ਕੰਮ ਚਲਾਵੀਂ, ਕੋਈ ਨਾ, ਮਾਯੂਸ ਰਵ੍ਹੇ*,
'ਜਾਣੀ, ਜਾਣ ਭਵਾਨੀ, ਤੇਰੇ ਰੰਗ, ਵਥੇਰੇ ਮਾਂ ॥॥'

ਸਾਡੀ, ਭੁੱਲਾਂ ਨੂੰ ਤੂੰ, ਕਦੀ ਨਾ ਦਿਲ ਤੇ, ਲਾਵੀਂ ਮਾਂ
ਬਖਸ਼ਣ, ਹਾਰ ਭਵਾਨੀ, ਬਖਸ਼ੀ, ਸਦਾ ਗੁਨਾਹਾਂ ਨੂੰ ॥

ਅਸੀਂ, ਝੁੱਕਦੇ ਰਹੀਏ, ਆ ਕੇ, ਤੇਰੇ ਮੰਦਿਰਾਂ ਤੇ*,
'ਸਾਥੋਂ, ਹਰਪਲ ਰੱਖੀ ਮਾਂ, ਦੂਰ ਤੂੰ, ਸਾਰੀ ਬਲਾਵਾਂ ਨੂੰ ॥॥'

ਕਦੇ, ਕਿਸੇ ਨੂੰ ਆਪਣਾ, ਦੁੱਖੜਾ ਮੈਂ ਤੇ, ਸੁਣਾਇਆ ਨਹੀਂ,
ਤੇਰੇ, ਬਾਝੋਂ ਕਿਸੇ ਨੇ, ਮੈਨੂੰ, ਸੀਨੇ ਲਾਇਆ ਨਹੀਂ ॥

ਸੀਨੇ, ਨਾਲ ਤੂੰ ਲਾਇਆ, ਲਾਈਂ ਰੱਖੀ, ਮੇਰੀ ਮਹਾਂਰਾਣੀ*,
'ਚੰਗਾ, ਮੰਦਾ ਜੋ ਵੀ, ਹਾਂ ਤੂੰ, ਨਿਭਾਈ ਮਹਾਂਰਾਣੀ ॥॥'

ਤੇਰੀ ਮਾਂ, ਚੌਂਕੀਆਂ ਜਾਗੇ, ਘਰ ਘਰ ਦੇ ਵਿੱਚ, ਹੋਵਣ ਮਾਂ,
ਤੇਰੀ, ਜੋਤ ਜਗੇ ਤੇ, ਘਰ ਘਰ, ਰੋਸ਼ਨ ਹੋਵੇ ਮਾਂ ॥

ਅਸੀਂ, ਭਰਦੇ ਰਹੀਏ, ਤੇਰੀ, ਹਾਜ਼ਰੀ ਮਹਾਂਰਾਣੀ*,
'ਮੇਰੇ, ਵਰਗੇ ਏਥੇ, ਆ ਕੇ ਪਾਵਨ, ਹੁੰਦੇ ਮਾਂ ॥॥'

ਤੈਥੋਂ, ਹੱਥ ਜੋੜ ਕੇ, ਮਾਫ਼ੀ ਦਾਤੀ, ਮੰਗਦੇ ਹਾਂ,
ਜੇ ਕੋਈ, ਭੁੱਲ ਚੁੱਕ ਤੇਰੀ, ਸੇਵਾ ਦੇ ਵਿੱਚ, ਹੋ ਜਾਵੇ ॥

ਐਵੇਂ, ਪਾਉਂਦੀ ਰਵ੍ਹੀਂ, ਬੱਚਿਆਂ ਦੇ, ਘਰ ਵਿੱਚ ਫੇਰਾ ਤੂੰ*,

'ਤੇਰੀ, ਮੇਹਰਬਾਨੀਆਂ, ਕਿਰਪਾ, ਤੇਰੀ ਹੋਈ ਮਾਂ ॥॥'

ਤੇਰਾ, ਬੱਚੜਾ ਪੁਨੀਤ, ਹਰ ਵੇਲੇ, ਏਹ ਕਹਿੰਦਾ ਏ,
ਖ਼ੈਰਾਂ, ਸਭ ਦੇ ਲਈ, ਦੁਨੀਆਂ ਵਿੱਚ, ਏਹੋ ਮੰਗਦਾ ਏ ॥

ਸਾਡੇ, ਵੇਹੜੇ ਤੋਂ, ਕਦੀ ਕੋਈ ਵੀ, ਖ਼ਾਲੀ ਜਾਵੇ ਨਾ*,
'ਮੌਜ਼ਾਂ, ਲਾਈ ਰੱਖੀ ਤੂੰ, ਮੌਜ਼ਾਂ, ਲਾਵਣ ਵਾਲੀ ਮਾਂ ॥॥'
ਜੈਕਾਰਾ,,,,, ਮੇਰੀ ਸ਼ੇਰਾਂਵਾਲੀ ਦਾ,,,
ਬੋਲ, ਸਾਚੇ ਦਰਬਾਰ ਕੀ ਜੈ ।

https://www.bhajanganga.com/bhajan/lyrics/id/33709/title/Ardas-Karan-Maharani

अपने Android मोबाइल पर BhajanGanga App डाउनलोड करें और भजनों का आनंद ले |